# ਹਦਾਇਤਾਂ

1. ਆਨਲਾਈਨ ਦਾਖਲਾ ਫ਼ਾਰਮ ਭਰਨ ਤੋਂ ਪਹਿਲਾਂ ਸਬੰਧਤ ਸ਼੍ਰੇਣੀ ਦਾ ਪ੍ਰਾਸਪੈਕਟਸ ਧਿਆਨ ਨਾਲ ਪੜ੍ਹਿਆ ਜਾਵੇ ਅਤੇ ਉਸ ਵਿੱਚ ਦਰਜ਼ ਹਦਾਇਤਾਂ ਅਨੁਸਾਰ ਹੀ ਦਾਖਲਾ ਲੈਣ ਵਾਲੇ ਵਿਦਿਆਰਥੀ ਆਪਣੀ ਕੈਟਾਗਰੀ ਅਤੇ ਵਿਸ਼ਿਆਂ ਦੀ ਚੋਣ ਕਰੇਗਾ ਕਿਉਂਕਿ ਇੱਕ ਵਾਰ ਫਾਰਮ ਭਰੇ ਜਾਣ ਤੋਂ ਬਾਅਦ ਤਬਦੀਲੀ ਕਰਨੀ ਸੰਭਵ ਨਹੀਂ ਹੋ ਸਕੇਗੀ।
2. ਦਾਖਲਾ ਕਮ ਪ੍ਰੀਖਿਆ ਫਾਰਮ ਵਿੱਚ ਵਿਦਿਆਰਥੀ ਆਪਣਾ ਪੱਕਾ ਫੋਨ ਨੰਬਰ ਭਰੇ ਜਿਸ ਨੂੰ ਪ੍ਰੀਖਿਆ ਪਾਸ ਕਰ ਲੈਣ ਤੱਕ ਬਦਲਿਆ ਨਾ ਜਾਵੇ।
3. ਦਾਖਲਾ ਮਿਤੀਆਂ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ।
4. ਵਿਦਿਆਰਥੀ ਆਪਣਾ ਆਨਲਾਈਨ ਦਾਖਲਾ ਕਮ ਪ੍ਰੀਖਿਆ ਫਾਰਮ ਬਿਨਾਂ ਕੋਈ ਵਾਧੂ ਪੈਸਿਆਂ ਦੀ ਅਦਾਇਗੀ ਕੀਤੇ ਆਪ ਭਰੇ। ਜੇਕਰ ਵਿਦਿਆਰਥੀ ਕੋਈ ਸਾਈਬਰ ਕੈਫੇ ਪ੍ਰਾਈਵੇਟ ਅਧਿਆਪਕ ਜਾਂ ਕੋਈ ਪ੍ਰਾਈਵੇਟ ਸੰਸਥਾ ਜਾਂ ਉਸ ਦੇ ਨੁਮਾਇੰਦੇ ਰਾਹੀਂ ਆਪਣਾ ਫਾਰਮ ਭਰਦਾ ਹੈ ਤਾਂ ਆਪਣੇ ਦਸਤਾਵੇਜ਼ਾਂ ਦੀ ਅਤੇ ਵੇਰਵਿਆਂ ਸਬੰਧੀ ਸਾਰੀ ਜਿੰਮੇਵਾਰੀ ਉਸ ਦੀ ਆਪਣੀ ਹੋਵੇਗੀ ਤਾਂ ਜੋ ਕੋਈ ਬੋਰਡ ਦੀ ਫੀਸ ਤੋਂ ਇਲਾਵਾ ਵੱਧ ਪੈਸੇ ਨਾ ਲੈ ਸਕੇ।
5. ਦਾਖਲਾ ਕਮ ਪ੍ਰੀਖਿਆ ਫਾਰਮ ਵਿੱਚ ਸਾਰੇ ਤੱਥ ਜਿਵੇਂ ਕਿ ਵਿਦਿਆਰਥੀ ਦਾ ਨਾਂ, ਪਿਤਾ/ਮਾਤਾ ਦਾ ਨਾਂ, ਜਨਮ ਮਿਤੀ, ਕਰੈਡਿਟ ਕੈਰੀ ਲਈ ਚੁਣੇ ਵਿਸ਼ੇ, ਕੈਟਾਗਰੀ ਜਿਸ ਅਧੀਨ ਪ੍ਰੀਖਿਆ ਦੇਣੀ ਹੈ ਅਤੇ ਪੂਰੇ ਵਿਸ਼ਿਆਂ ਆਦਿ ਬਾਰੇ ਤਸੱਲੀ ਕਰਨ ਉਪਰੰਤ ਹੀ ਫੀਸ ਜਮਾਂ ਕਰਵਾਈ ਜਾਵੇ। ਫ਼ਾਰਮ ਵਿੱਚ ਹੋਈ ਗਲਤੀ ਲਈ ਬੋਰਡ ਜ਼ਿੰਮੇਵਾਰ ਨਹੀਂ ਹੋਵੇਗਾ।
6. ਓਪਨ ਸਕੂਲ ਵਿੱਚ ਦਾਖਲਾ ਲੈਣ ਉਪਰੰਤ ਕਿਸੇ ਹੋਰ ਸੰਸਥਾਂ ਵਿੱਚ ਦਾਖਲਾ ਨਾ ਲਿਆ ਜਾਵੇ ਅਤੇ ਨਾ ਹੀ ਰੈਗੂਲਰ ਤੌਰ ਤੇ ਦਾਖਲਾ ਲਿਆ ਜਾਵੇ। ਅਜਿਹਾ ਕਰਨ ਦੀ ਸੂਰਤ ਵਿੱਚ ਸਾਰੇ ਦਾਖਲੇ ਰੱਦ ਕੀਤੇ ਜਾ ਸਕਦੇ ਹਨ।
7. ਵਿਦਿਆਰਥੀ ਵੱਲੋਂ ਪੇਸ਼ ਤੱਥਾਂ ਦੇ ਆਧਾਰ ਤੇ ਹੀ ਉਸਨੂੰ ਦਾਖਲਾ ਦਿੱਤਾ ਜਾਣਾ ਹੈ । ਜੇਕਰ ਕੋਈ ਤੱਥ ਜਾਂ ਤਰੁੱਟੀ ਰਹਿ ਜਾਂਦੀ ਹੈ ਜਾਂ ਕੋਈ ਦਸਤਾਵੇਜ਼ ਗਲਤ ਲਗਾਏ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।
8. ਬੋਰਡ ਵੱਲੋਂ ਆਨ-ਲਾਈਨ ਵਿਧੀ ਰਾਹੀਂ ਜਮਾਂ ਕਰਵਾਈ ਗਈ ਫ਼ੀਸ ਹੀ ਵਿਦਿਆਰਥੀ ਦੀ ਕੁੱਲ ਦਾਖਲਾ ਅਤੇ ਪ੍ਰੀਖਿਆ ਫ਼ੀਸ ਹੈ।
9. ਵਿਦਿਆਰਥੀ ਸਮੇਂ-ਸਮੇਂ ਤੇ ਬੋਰਡ ਦੀ ਵੈੱਬ-ਸਾਈਟ(www.pseb.ac.in) ਜ਼ਰੂਰ ਚੈੱਕ ਕਰ ਲੈਣ ।